# 4th Foreign Office Consultations between India and Ethiopia

October 03, 2022

.....................................................................................................................................................

## ਭਾਰਤ ਅਤੇ ਇਥੋਪੀਆ ਦੇ ਵਿਦੇਸ਼ ਦਫ਼ਤਰਾਂ ਦੇ ਚੋਥੇ ਸਲਾਹ ਮਸ਼ਵਰੇ

## 3 ਅਕਤੂਬਰ, 2022

1. ਭਾਰਤ ਅਤੇ ਇਥੋਪੀਆ ਦੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ (FOCs) ਦਾ ਚੌਥਾ ਦੌਰ 3 ਅਕਤੂਬਰ, 2022 ਨੂੰ ਅਦੀਸ ਅਬਾਬਾ ਵਿੱਚ ਕਰਾਇਆ ਗਿਆ, ਜਿਸਦੀ ਸਹਿ -ਪ੍ਰਧਾਨਗੀ ਭਾਰਤੀ ਪੱਖ ਵੱਲੋਂ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ (ਪੂਰਬ ਅਤੇ ਦੱਖਣ ਅਫ਼ਰੀਕਾ) ਸ਼੍ਰੀ ਪੁਨੀਤ ਆਰ ਕੁੰਡਲ ਅਤੇ ਇਥੋਪੀਆਈ ਪੱਖ ਵੱਲੋਂ ਵਿਦੇਸ਼ ਮੰਤਰਾਲੇ ਅੰਦਰਲੇ ਮੱਧ ਪੂਰਬ, ਏਸ਼ੀਆ ਅਤੇ ਪ੍ਰਸ਼ਾਂਤ ਦੇਸ਼ਾਂ ਦੇ ਮਾਮਲਿਆਂ ਦੇ ਡਾਇਰੈਕਟਰ ਜਨਰਲ ਈ ਡਾ: ਗੇਬੇਹੂ ਗੰਗਾ ਗਾਇਤੋ (Phd) ਨੇ ਕੀਤੀ .

2. ਦੋਵਾਂ ਵਫ਼ਦਾਂ ਨੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦੌਰਾਨ ਸਮੁੱਚੇ ਸਬੰਧਾਂ ਦੀ ਸਮੀਖਿਆ ਕੀਤੀ। ਵਿਚਾਰ-ਵਟਾਂਦਰੇ ਦੇ ਮੁੱਦਿਆਂ ਵਿੱਚ ਰਾਜਨੀਤਿਕ ਜੁੜਾਅ, ਵਪਾਰ ਅਤੇ ਆਰਥਿਕ ਮਾਮਲੇ, ਵਿਕਾਸ ਸਾਂਝੇਦਾਰੀ ਪ੍ਰੋਜੈਕਟ, ਸੱਭਿਆਚਾਰਕ ਅਤੇ ਕੌਂਸਲਰ ਮਾਮਲੇ, ਉੱਚ ਸਿੱਖਿਆ ਸਹਿਯੋਗ, ਲੋਕ- ਪੱਧਰੀ ਸੰਪਰਕ ਆਦਿ ਸ਼ਾਮਲ ਸਨ। ਰੱਖਿਆ, ਵਿਗਿਆਨ , ਤਕਨਾਲੋਜੀ, ਸਿੱਖਿਆ, ਖੇਤੀਬਾੜੀ ਅਤੇ ਸਹਾਇਕ ਖੇਤਰ ਅਤੇ ਨਾਗਰਿਕ ਹਵਾਬਾਜ਼ੀ ਵਰਗੇ ਖੇਤਰਾਂ ਵਿੱਚ ਸਬੰਧਾਂ ਨੂੰ ਵਧਾਉਣ ਲਈ ਕੰਮ ਕਰਨ ਲਈ ਉੱਤੇ ਵੀ ਸਹਿਮਤੀ ਬਣੀ। ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ ਦੇ ਨਾਲ AU ਨਾਲ ਸਬੰਧਤ ਮਾਮਲਿਆਂ 'ਤੇ ਵਿਚਾਰ -ਵਟਾਂਦਰੇ ਹੋਏ।

3. ਦੋਵੇਂ ਪੱਖ ਉੱਚ ਪੱਧਰੀ ਸਿਆਸੀ ਵਿਚਾਰ - ਵਟਾਂਦਰੇ ਅਤੇ ਸਾਂਝਾ ਸੰਸਥਾਗਤ ਤੰਤਰਾਂ ਦੀਆਂ ਬਾਕਾਇਦਾ ਬੈਠਕਾਂ ਜਾਰੀ ਰੱਖਣ ਉੱਤੇ ਸਹਿਮਤ ਹੋਈਆਂ ਤਾਂ ਜੋ ਸਬੰਧਾਂ ਨੂੰ ਜੀਵੰਤ ਅਤੇ ਆਪਸੀ ਤੌਰ 'ਤੇ ਲਾਭਦਾਇਕ ਬਣਾਇਆ ਜਾ ਸਕੇ। ਦੋਵੇਂ ਪੱਖਾਂ ਨੇ ਸੰਯੁਕਤ ਵਿਗਿਆਨ ਅਤੇ ਤਕਨਾਲੋਜੀ ਕਮੇਟੀ (JSTC), ਸੰਯੁਕਤ ਵਪਾਰ ਕਮੇਟੀ (JTC) ਆਦਿ ਵਰਗੀਆਂ ਸੰਸਥਾਗਤ ਤੰਤਰਾਂ ਦੇ ਤਹਿਤ ਜਲਦੀ ਹੀ ਬੈਠਕਾਂ ਬੁਲਾਉਣ ਅਤੇ ਦੁਵੱਲੇ ਸਹਿਯੋਗ ਲਈ ਅਗਲੇ ਮੰਤਰੀ ਪੱਧਰੀ ਸੰਯੁਕਤ ਕਮਿਸ਼ਨ ਨੂੰ ਆਪਸੀ ਸੁਵਿਧਾ ਅਨੁਸਾਰ ਸਮੇਂ 'ਤੇ ਰੱਖਣ ਲਈ ਕਰਨ ਲਈ ਕੰਮ ਕਰਨ ਲਈ ਵੀ ਸਹਿਮਤੀ ਦਿੱਤੀ।

4. ਦੋਵੇਂ ਪੱਖ ਨਵੀਂ ਦਿੱਲੀ ਵਿੱਚ ਆਪਸੀ ਸਹੂਲਤ ਦੀਆਂ ਤਰੀਕਾਂ 'ਤੇ ਸਲਾਹ-ਮਸ਼ਵਰੇ ਦਾ ਅਗਲਾ ਦੌਰ ਕਰਾਉਣ ਲਈ ਸਹਿਮਤ ਹੋਈਆਂ।

ਅਦੀਸ ਅਬਾਬਾ
3 ਅਕਤੂਬਰ , 2022

DISCLAIMER: This is an approximate translation. The original is available in English on MEA's website and may be referred to as the official press release.